| English | Punjabi |
| --- | --- |
| KNOW YOUR WORKPLACE RIGHTS: | ਆਪਣੀ ਕੰਮ ਵਾਲੀ ਥਾਂ 'ਤੇ ਹੱਕਾਂ ਬਾਰੇ ਜਾਣੋ: |
| Discussing Your Pay | ਆਪਣੀ ਤਨਖ਼ਾਹ ਬਾਰੇ ਗੱਲਬਾਤ ਕਰਨੀ |
| Under the National Labor Relations Act, you have the right to talk about your pay with your coworkers, the media, a union or worker center, a government agency, or the public. | ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਹੇਠ, ਤੁਹਾਨੂੰ ਆਪਣੀ ਤਨਖ਼ਾਹ ਬਾਰੇ ਆਪਣੇ ਸਹਿ-ਵਰਕਰਾਂ, ਮੀਡੀਆ, ਯੂਨੀਅਨ ਜਾਂ ਵਰਕਰ ਸੈਂਟਰ, ਸਰਕਾਰੀ ਏਜੰਸੀ ਜਾਂ ਲੋਕਾਂ ਨਾਲ ਗੱਲ ਕਰਨ ਦਾ ਹੱਕ ਹੈ। |
| You have the right to join with your coworkers to seek higher pay or complain about pay inequity—including on social media platforms. | ਤੁਹਾਨੂੰ ਵੱਧ ਤਨਖ਼ਾਹ ਦੀ ਮੰਗ ਕਰਨ ਜਾਂ ਅਸਾਵੀਆਂ ਤਨਖ਼ਾਹਾਂ ਬਾਰੇ ਸ਼ਿਕਾਇਤ ਕਰਨ ਲਈ ਆਪਣੇ ਸਹਿ-ਵਰਕਰਾਂ— ਇਸ ਵਿੱਚ ਸੋਸ਼ਲ ਮੀਡੀਆ ਦੇ ਪਲੇਟਫ਼ਾਰਮ ਵੀ ਹਨ, ਵਿੱਚ ਸ਼ਾਮਿਲ ਹੋਣ ਦਾ ਹੱਕ ਹੈ। |
| It is illegal for your employer to retaliate against you in any way for this activity—like making you perform more difficult job duties, writing you up, suspending you, or firing you. | ਤੁਹਾਡੇ ਨੌਕਰੀਦਾਤਾ ਵਲੋਂ ਇਸ ਸਰਗਰਮੀ ਲਈ ਕਿਸੇ ਵੀ ਤਰੀਕੇ ਨਾਲ ਤੁਹਾਡੇ ਖ਼ਿਲਾਫ਼ ਬਦਲੇ ਦੀ ਕਾਰਵਾਈ ਕਰਨੀ,—ਜਿਵੇਂ ਤੁਹਾਨੂੰ ਵੱਧ ਔਖੇ ਕੰਮ 'ਤੇ ਲਾਉਣਾ, ਕਾਨੂੰਨ ਜਾਂ ਨੇਮ ਦੀ ਪਾਲਣਾ ਨਾ ਕਰਨ ਬਦਲੇ ਤੁਹਾਡੀ ਰਿਪੋਰਟ ਕਰਨੀ, ਤੁਹਾਨੂੰ ਮੁਅੱਤਲ ਕਰਨਾ ਜਾਂ ਤੁਹਾਨੂੰ ਨੌਕਰੀਓਂ ਕੱਢਣਾ ਗ਼ੈਰਕਾਨੂੰਨੀ ਹੈ। |
| Is it illegal for your employer to have a policy prohibiting you from engaging in this activity, to tell you that you can't engage in this activity, or to ask you to sign your rights away. | ਤੁਹਾਨੂੰ ਇਸ ਸਰਗਰਮੀ ਵਿੱਚ ਸ਼ਾਮਿਲ ਹੋਣ ਤੋਂ ਰੋਕਣ, ਤੁਸੀਂ ਇਸ ਸਰਗਰਮੀ ਵਿੱਚ ਸ਼ਾਮਿਲ ਨਹੀਂ ਹੋ ਸਕਦੇ ਇਹ ਤੁਹਾਨੂੰ ਦੱਸਣ ਜਾਂ ਤੁਹਾਨੂੰ ਆਪਣੇ ਹੱਕਾਂ ਨੂੰ ਛੱਡਣ ਵਾਸਤੇ ਦਸਤਖ਼ਤ ਕਰਨ ਲਈ ਕਹਿਣ ਵਾਲੀ ਤੁਹਾਡੇ ਨੌਕਰੀਦਾਤਾ ਦੀ ਕੋਈ ਵੀ ਪਾੱਲਿਸੀ ਗ਼ੈਰਕਾਨੂੰਨੀ ਹੈ। |
| The National Labor Relations Board is an independent federal agency that protects the rights of private sector employees to join together, with or without a union, to improve their wages and working conditions. | ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) ਇੱਕ ਸੁਤੰਤਰ ਫ਼ੈਡਰਲ ਏਜੰਸੀ ਹੈ, ਜੋ ਇਕੱਠੇ ਸ਼ਾਮਿਲ ਹੋਣ, ਯੂਨੀਅਨ ਦੇ ਨਾਲ ਜਾਂ ਯੂਨੀਅਨ ਤੋਂ ਬਿਨਾ ਆਪਣੀਆਂ ਉਜਰਤਾਂ ਅਤੇ ਕੰਮ ਦੀਆਂ ਸਥਿਤੀਆਂ ਬਿਹਤਰ ਬਣਾਉਣ ਲਈ ਨਿੱਜੀ ਖੇਤਰ ਦੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਕਰਦੀ ਹੈ। |